# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਪਾਲ ਢਿੱਲੋਂ ਨਾਲ ਰੂਬਰੂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 9 ਜੂਨ : ਬੀਤੇ ਦਿਨੀਂ 'ਵੈਨਕੂਵਰ ਵਿਚਾਰ ਮੰਚ' ਵੱਲੋਂ ਗੁਲਾਟੀ ਪਬਲਿਸ਼ਰਜ ਲਿਮਿਟਡ, ਸਰੀ ਦੇ ਵਿਹੜੇ ਇੱਕ ਸੁਰਮਈ ਸ਼ਾਮ ਦੌਰਾਨ ਵਰਨਨ ਦੀ ਖ਼ੂਬਸੂਰਤ ਵਾਦੀ ਤੋਂ ਉਚੇਚੇ ਤੌਰ 'ਤੇ ਪੁੱਜੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਪਾਲ ਢਿੱਲੋਂ ਨਾਲ ਰੂਬਰੂ ਪ੍ਰੋਗਰਾਮ ਰਚਾਇਆ ਗਿਆ। ਪ੍ਰੋਗਰਾਮ ਦੇ ਆਗਾਜ਼ਵਿੱਚ ਮੰਚ ਦੇ ਸੰਚਾਲਕ ਤੇ ਬੁਲਾਰੇ ਮੋਹਨ ਗਿੱਲ ਨੇ ਮੁੱਖ ਮਹਿਮਾਨ ਪਾਲ ਢਿੱਲੋਂ ਦਾ ਸ਼ਬਦੀ ਗੁਲਦਸਤੇ ਨਾਲ ਨਿੱਘਾ ਸਵਾਗਤ ਕੀਤਾ। ਉਨ੍ਹਾਂ ਸ਼ਾਇਰ ਦੀ ਸਿਰਜਣਾਤਮਕ ਪ੍ਰਵਾਜ਼ ਅਤੇ ਕਾਵਿ-ਯਾਤਰਾ ਬਾਰੇ ਸੰਖੇਪ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਪਾਲ ਢਿੱਲੋਂ ਦੇ ਹੁਣ ਤੱਕ ਇੱਕ ਦਰਜਨ ਦੇ ਕਰੀਬ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਹੋ ਕੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਪੈ ਚੁੱਕੇ ਹਨ, ਜਦਕਿ ਉਨ੍ਹਾਂ ਦੀ ਗੀਤਾਂ ਦੀ ਇੱਕੋ-ਇੱਕ ਸ਼ਾਹਕਾਰ ਕਿਤਾਬ 'ਉੱਡਦੀਆਂ ਫੁਲਕਾਰੀਆਂ' ਪਾਠਕਾਂ ਵਿੱਚ ਬੇਹੱਦ ਮਕਬੂਲ ਹੈ। ਉਨ੍ਹਾਂ ਕਿਹਾ ਕਿ ਢਿੱਲੋਂ ਸਾਹਿਬ ਦੀਆਂ ਰਚਨਾਵਾਂ ਕੁਦਰਤ ਦੇ ਅਨੇਕਾਂ ਰੰਗਾਂ ਨਾਲ ਸਰਸ਼ਾਰ ਹਨ ਅਤੇ ਉਨ੍ਹਾਂ ਦੇ ਗੀਤ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਸੱਚੇ ਤਰਜਮਾਨ ਹਨ। ਇਨ੍ਹਾਂ ਗੀਤਾਂ ਵਿੱਚ ਅਜਿਹੀ ਸੁਭਾਵਿਕ ਲੈਅਬੱਧਤਾ ਹੈ ਕਿ ਇਹ ਬੜੀ ਸਹਿਜਤਾ ਨਾਲ ਗਾਏ ਜਾ ਸਕਦੇ ਹਨ। ਮੋਹਨ ਗਿੱਲ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਇਹ ਅਜੋਕੇ ਦੌਰ ਦੇ ਗਾਇਕਾਂ ਦੀ ਬਦਕਿਸਮਤੀ ਹੈ ਕਿ ਉਹ ਅਜਿਹੇ ਸਾਹਿਤਕ ਖੁਸ਼ਬੂ ਅਤੇ ਉੱਚੇ ਮਿਆਰ ਨਾਲ ਗੜੁੱਚ ਗੀਤਾਂ ਨੂੰ ਗਾਉਣ ਤੋਂ ਖੁੰਝ ਗਏ ਹਨ।



ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਪਾਲ ਢਿੱਲੋਂ ਦੀ ਸਿਰਜਣ-ਪ੍ਰਕਿਰਿਆ 'ਤੇ ਸੰਵਾਦ ਰਚਾਉਂਦਿਆਂ ਕਿਹਾ ਕਿ ਸ਼ਾਇਰ ਨੇ ਆਪਣੇ ਸਾਹਿਤਕ ਸਫ਼ਰ ਦਾ ਆਗਾਜ਼ ਗੀਤ-ਸਿਰਜਣਾ ਤੋਂ ਕੀਤਾ ਸੀ, ਜਿਨ੍ਹਾਂ ਵਿੱਚ ਪ੍ਰਕਿਰਤੀ ਦਾ ਗੂੜ੍ਹਾ ਰੰਗ ਅਤੇ ਕਮਾਲ ਦੀ ਰਵਾਨੀ ਉਭਰ ਕੇ ਸਾਹਮਣੇ ਆਈ। ਬਾਅਦ ਵਿੱਚ ਉੱਘੇ ਉਸਤਾਦ ਸ਼ਾਇਰ ਨਦੀਮ ਪਰਮਾਰ ਨਾਲ ਹੋਏ ਮੇਲ ਨੇ ਉਨ੍ਹਾਂ ਨੂੰ ਗ਼ਜ਼ਲ ਦੇ ਸੂਖ਼ਮ ਸੰਸਾਰ ਵੱਲ ਪ੍ਰੇਰਿਤ ਕੀਤਾ। ਸ. ਸੇਖਾ ਨੇ ਕਿਹਾ ਕਿ ਇਹ ਢਿੱਲੋਂ ਦੀ ਵੱਡੀ ਪ੍ਰਾਪਤੀ ਹੈ ਕਿ ਉਨ੍ਹਾਂ ਦੀ ਹਰ ਨਵੀਂ ਕਿਤਾਬ ਵਿਚ ਪਹਿਲਾਂ ਨਾਲੋਂ ਵਧੇਰੇ ਪਰਪੱਕਤਾ ਅਤੇ ਖ਼ਿਆਲਾਂ ਦੀ ਉਡਾਰੀ ਵਿੱਚ ਗਹਿਰਾਈ ਆਈ ਹੈ। ਵਿਸ਼ੇ ਦੇ ਪੱਖ ਤੋਂ ਵੀ ਉਨ੍ਹਾਂ ਨੇ ਸਮਾਜਿਕ ਅਤੇ ਰਾਜਨੀਤਕ ਚੇਤਨਾ ਵਰਗੇ ਅਨੇਕਾਂ ਅਹਿਮ ਸਰੋਕਾਰਾਂ 'ਤੇ ਬਾਖੂਬੀ ਕਲਮ ਚਲਾਈ ਹੈ।

ਅੰਗਰੇਜ਼ ਬਰਾੜ ਨੇ ਸ਼ਾਇਰ ਦੇ ਗੀਤਾਂ ਦੀ ਖ਼ੂਬਸੂਰਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਰਚਨਾਵਾਂ ਵਿੱਚੋਂ ਸਾਡੇ ਆਪਣੇ ਅਮੀਰ ਵਿਰਸੇ ਦੀ ਮਹਿਕ ਆਉਂਦੀ ਹੈ। ਉਨ੍ਹਾਂ ਬੜੇ ਸੰਵੇਦਨਸ਼ੀਲ ਲਹਿਜ਼ੇ ਵਿੱਚ ਕਿਹਾ ਕਿ ਪੰਜਾਬੀਆਂ ਦੀ ਇਹ ਤ੍ਰਾਸਦੀ ਹੈ ਕਿ ਅਜਿਹੇ ਉੱਚਪਾਏ ਦੇ ਸਾਹਿਤਕ ਅਤੇ ਸੱਭਿਆਚਾਰਕ ਗੀਤ ਅਕਸਰ ਕਿਤਾਬਾਂ ਦੇ ਪੰਨਿਆਂ ਵਿੱਚ ਹੀ ਬੰਦ ਰਹਿ ਜਾਂਦੇ ਹਨ। ਸਾਡੇ ਸਮਾਜ ਵਿੱਚ ਮਿਆਰੀ ਸਾਹਿਤਕ ਗੀਤਾਂ ਅਤੇ ਵਪਾਰਕ ਗਾਇਕੀ ਵਿਚਾਲੇ ਇੱਕ ਲੰਮੀ ਵਿੱਥ ਪੈ ਚੁੱਕੀ ਹੈ ਅਤੇ ਅੱਜ ਦੇ ਬਹੁਤੇ ਗਾਇਕ ਇਹੋ ਜਿਹੇ ਬਿਹਤਰੀਨ ਗੀਤਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ।

ਹਰਦਮ ਮਾਨ ਨੇ ਪਾਲ ਢਿੱਲੋਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕਰਦਿਆਂ ਕਿਹਾ ਕਿ ਉਹ ਇੱਕ ਅਜ਼ੀਮ, ਮਿਲਾਪੜੇ ਅਤੇ ਬੇਹੱਦ ਨਿੱਘੇ ਇਨਸਾਨ ਹਨ। ਉਨ੍ਹਾਂ ਦੀ ਗ਼ਜ਼ਲ-ਗੋਈ ਵਿੱਚ ਹਰ ਪੱਖੋਂ ਤਕਨੀਕੀ ਅਤੇ ਸਿਧਾਂਤਕ ਪਰਪੱਕਤਾ ਦੇਖੀ ਜਾ ਸਕਦੀ ਹੈ। ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਬੜੇ ਗਹਿਰੇ ਅਤੇ ਗੁੰਝਲਦਾਰ ਖ਼ਿਆਲਾਂ ਨੂੰ ਬਹੁਤ ਹੀ ਸਾਦਾ, ਸਪੱਸ਼ਟ ਅਤੇ ਸਰਲ ਸ਼ਬਦਾਵਲੀ ਰਾਹੀਂ ਪਾਠਕ ਦੇ ਦਿਲ ਵਿੱਚ ਉਤਾਰਨ ਦੀ ਅਦਭੁਤ ਮੁਹਾਰਤ ਰੱਖਦੇ ਹਨ।

ਮੁੱਖ ਮਹਿਮਾਨ ਪਾਲ ਢਿੱਲੋਂ ਨੇ ਆਪਣੇ ਲਿਖਣ-ਕਾਰਜ ਦੀਆਂ ਯਾਦਾਂ ਦੇ ਪੰਨੇ ਫਰੋਲਦਿਆਂ ਦੱਸਿਆ ਕਿ ਉਨ੍ਹਾਂ ਨੇ ਸਾਲ 1988 ਵਿੱਚ ਗੀਤ ਲਿਖਣੇ ਸ਼ੁਰੂ ਕੀਤੇ ਸਨ ਅਤੇ ਹੁਣ ਤੱਕ ਲੱਗਭੱਗ 2000 ਗੀਤਾਂ ਦੀ ਸਿਰਜਣਾ ਕਰ ਚੁੱਕੇ ਹਨ। ਉਨ੍ਹਾਂ ਭਾਵੁਕ ਹੁੰਦਿਆਂ ਦੱਸਿਆ ਕਿ ਇੱਕ ਦੌਰ ਅਜਿਹਾ ਸੀ ਜਦੋਂ ਲਿਖਣ ਦਾ ਅਥਾਹ ਚਾਅ ਹੁੰਦਾ ਸੀ ਅਤੇ ਉਹ ਹਰ ਰੋਜ਼ ਕੁਝ ਨਾ ਕੁਝ ਨਵਾਂ ਸਿਰਜਦੇ ਸਨ, ਪਰ ਹੁਣ ਵਕਤ ਦੇ ਨਾਲ ਲਿਖਣ ਦੀ ਰਫ਼ਤਾਰ ਮੱਠੀ ਪੈ ਗਈ ਹੈ। ਖ਼ਾਸ ਕਰਕੇ ਆਪਣੇ ਅਜ਼ੀਜ਼ ਮਿੱਤਰ ਅਤੇ ਉਸਤਾਦ ਸ਼ਾਇਰ ਨਦੀਮ ਪਰਮਾਰ ਦੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਜਾਣ ਤੋਂ ਬਾਅਦ, ਉਨ੍ਹਾਂ ਦੇ ਮਨ ਨੂੰ ਅਜਿਹਾ ਸਦਮਾ ਪਹੁੰਚਿਆ ਕਿ ਉਹ ਬਹੁਤਾ ਕੁਝ ਨਹੀਂ ਲਿਖ ਸਕੇ।

ਇਸ ਸਾਹਿਤਕ ਮਿਲਣੀ ਦੌਰਾਨ ਪਾਲ ਢਿੱਲੋਂ ਨੇ ਆਪਣੀਆਂ ਬਿਹਤਰੀਨ ਗ਼ਜ਼ਲਾਂ ਦੇ ਸ਼ਿਅਰ ਸੁਣਾ ਕੇ ਪੂਰੀ ਮਹਿਫ਼ਲ ਨੂੰ ਕੀਲ ਲਿਆ। ਉਨ੍ਹਾਂ ਦੀ ਸ਼ਾਇਰੀ ਦਾ ਇੱਕ ਰੂਹਾਨੀ ਸ਼ਿਅਰ ਪੇਸ਼-ਏ-ਖ਼ਿਦਮਤ ਸੀ:

"ਗੁਨਾਹ ਕਰ ਯਾਦ ਆਪਣੇ ਰੋ ਲਿਆ ਕਰ।

ਤੇ ਹੌਲਾ ਫੁੱਲ ਵਰਗਾ ਹੋ ਲਿਆ ਕਰ।"

ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਇੱਕ ਹੋਰ ਮੁਸਲਸਲ ਗ਼ਜ਼ਲ ਦੇ ਇਸ ਖ਼ੂਬਸੂਰਤ ਸ਼ਿਅਰ ਨਾਲ ਵਾਹ-ਵਾਹ ਖੱਟੀ:

"ਸਫ਼ਰ ਵਿਚ ਆਰ ਹਾਂ ਜਾਂ ਪਾਰ ਹਾਂ ਅੱਜ ਕੱਲ੍ਹ ਅਸੀਂ ਦੋਨੋਂ,

ਕਿਤੇ ਪਹੁੰਚੇ ਨਹੀਂ ਵਿਚਕਾਰ ਹਾਂ ਅੱਜ ਕੱਲ੍ਹ ਅਸੀਂ ਦੋਨੋਂ।"

ਅਖੀਰ ਵਿੱਚ ਮੋਹਨ ਗਿੱਲ ਨੇ ਇਸ ਯਾਦਗਾਰੀ ਸਾਹਿਤਕ ਇਕੱਤਰਤਾ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

## ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਨੌਜਵਾਨਾਂ ਨੂੰ ਵੰਡੀਆਂ ਸਪੋਰਟਸ ਕਿੱਟਾਂ*

### -ਕਿਹਾ! ਪੰਜਾਬ ਸਰਕਾਰ ਜ਼ਮੀਨੀ ਪੱਧਰ 'ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਹੈ ਵਚਨਬੱਧ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 09 ਜੂਨ : ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਵੱਲੋਂ ਪੇਂਡੂ ਖੇਤਰਾਂ ਵਿੱਚ ਜਵਾਨੀ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਦਿਆਂ ਹਲਕਾ ਦਾਖਾ ਦੇ ਪਿੰਡ ਹਾਂਸ ਕਲਾਂ, ਤਲਵੰਡੀ ਖੁਰਦ ਅਤੇ ਕੋਠੇ ਹਾਂਸ ਦੇ ਨੌਜਵਾਨ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ।







ਚੇਅਰਮੈਨ ਗਿੱਲ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਡਾਂ ਦੇ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਨਿਰੰਤਰ ਯਤਨਸ਼ੀਲ ਹੈ ਜਿਸਦੇ ਤਹਿਤ ਨੌਜਵਾਨਾਂ ਨੂੰ ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਮਿਸ਼ਨ ਦਾ ਉਦੇਸ਼ ਸੂਬੇ ਦੀ ਜਵਾਨੀ ਨੂੰ ਖੇਡਾਂ ਲਈ ਉਤਸ਼ਾਹਤ ਕਰਦਿਆਂ ਉਨ੍ਹਾਂ ਦੀ ਅਸੀਮ ਊਰਜ਼ਾ ਨੂੰ ਸਹੀ ਦਿਸ਼ਾ ਵਿੱਚ ਬਦਲਣਾ ਹੈ ਜਿਸ ਨਾਲ ਸਾਡੇ ਨੌਜਵਾਨ ਸਮਾਜ ਅਤੇ ਦੇਸ਼ ਹਿੱਤ ਵਿੱਚ ਅਹਿਮ ਯੋਗਦਾਨ ਪਾਉਣ ਦੇ ਕਾਬਲ ਬਣ ਸਕਣ। ਉਨ੍ਹਾਂ ਕਿਹਾ ਕਿ ਇਹ ਖੇਡ ਕਿੱਟਾਂ ਪੇਂਡੂ ਖੇਤਰਾਂ ਵਿਚ ਖੇਡਾਂ ਅਤੇ ਹੋਰ ਸਮਾਜਿਕ ਗਤੀਵਿਧੀਆਂ ਨੂੰ ਉਤਸ਼ਾਹਤ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਉਣਗੀਆਂ।

ਉਨ੍ਹਾਂ ਕਿਹਾ ਕਿ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਡਾਂ ਦਾ ਪੱਧਰ ਉੱਚਾ ਚੁੱਕਣ ਲਈ ਹਮੇਸ਼ਾਂ ਪੱਬਾਂ ਭਾਰ ਰਹੀ ਹੈ ਅਤੇ ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਪੰਜਾਬ ਸੂਬਾ ਖੇਡਾਂ ਦੇ ਖੇਤਰ ਵਿੱਚ ਮੋਹਰੀ ਰੋਲ ਅਦਾ ਕਰੇਗਾ। ਉਨ੍ਹਾਂ ਕਿਹਾ ਕਿ ਕਿੱਟਾਂ ਦੀ ਵੰਡ ਹੇਠਲੇ ਪੱਧਰ 'ਤੇ ਖੇਡਾਂ ਵਿੱਚ ਕ੍ਰਾਂਤੀ ਲਿਆਉਣ ਲਈ ਉਤਪ੍ਰੇਰਕ ਸਾਬਤ ਹੋਵੇਗੀ ਅਤੇ ਆਉਣ ਵਾਲੇ ਪੜਾਵਾਂ ਵਿੱਚ ਵੱਖ-ਵੱਖ ਹੋਰਨਾਂ ਪਿੰਡਾਂ ਦੇ ਨੌਜਵਾਨਾਂ ਨੂੰ ਵੀ ਸਪੋਰਟਸ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ।


ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਕਿੱਟ ਵੰਡ ਸਮਾਰੋਹ ਵਿੱਚ ਸ਼ਾਮਲ ਸਮੁੱਚੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਖੇਡਾਂ ਨੂੰ ਮੁੜ ਸੁਰਜੀਤ ਕਰਨ ਦੇ ਉਦੇਸ਼ ਨਾਲ ਇਕ ਮਹਾਨ ਲਹਿਰ ਦੀ ਨੀਂਹ ਰੱਖੀ ਹੈ।

## ਤਿੰਨ ਦੇਸ਼ਾਂ ਵਿੱਚ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਰਿਲੀਜ਼

### ਹਜ਼ਾਰਾਂ ਸਿੱਖ ਸੰਗਤਾਂ ਦੀ ਹਾਜ਼ਰੀ ਵਿੱਚ ਕਿਤਾਬ ਕੀਤੀ ਗਈ ਲੋਕ-ਅਰਪਿਤ

ਵਰਲਡ ਪੰਜਾਬੀ ਟਾਈਮਜ਼ ਰਸ਼ਪਿੰਦਰ ਕੌਰ ਗਿੱਲ

ਲੰਡਨ, 9 ਜੂਨ : ਹਾਲ ਹੀ ਦੌਰਾਨ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਤ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਨੂੰ ਬੀਤੇ ਐਤਵਾਰ ਤਿੰਨ ਦੇਸ਼ਾਂ—ਇੰਗਲੈਂਡ, ਫਰਾਂਸ ਅਤੇ ਬੈਲਜੀਅਮ ਵਿੱਚ ਰਿਲੀਜ਼ ਕੀਤਾ ਗਿਆ।




ਜੂਨ 1984 ਦੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ ਲੰਡਨ ਵਿਖੇ 'ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ.' ਵੱਲੋਂ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਟਰਫਾਲਗਰ ਸੁਕੇਅਰ ਵਿਖੇ ਹਜ਼ਾਰਾਂ ਸਿੱਖ ਸੰਗਤਾਂ ਦੀ ਮੌਜੂਦਗੀ ਵਿੱਚ ਫੈਡਰੇਸ਼ਨ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਜੋਗਾ ਸਿੰਘ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਬ੍ਰਿਟਿਸ਼ ਸਿੱਖ ਕੌਂਸਲ ਦੇ ਮੁਖੀ ਭਾਈ ਤਰਸੇਮ ਸਿੰਘ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ.ਕੇ. ਟਿਵੀਡੇਲ, ਵਰਲਡ ਸਿੱਖ ਪਾਰਲੀਮੈਂਟ ਦੇ ਭਾਈ ਮਨਪ੍ਰੀਤ ਸਿੰਘ, ਧਰਮਯੁੱਧ ਜਥਾ ਯੂ.ਕੇ. ਦੇ ਮੁਖੀ ਭਾਈ ਬਲਵਿੰਦਰ ਸਿੰਘ ਵੂਲਵਰਹੈਪਟਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਦੇ ਪ੍ਰਧਾਨ ਭਾਈ ਜਸਪਾਲ ਸਿੰਘ ਬੈਂਸ ਅਤੇ ਬੀਬੀ ਪਾਲਜੀਤ ਕੌਰ ਪੰਜਵੜ ਦੇ ਭਰਾ ਭਾਈ ਕਸ਼ਮੀਰ ਸਿੰਘ ਨੇ ਸਾਂਝੇ ਤੌਰ 'ਤੇ "ਸਿੱਦਕੀ ਤੇ ਸੰਘਰਸ਼ੀ" ਕਿਤਾਬ ਦਾ ਲੋਕ ਅਰਪਣ ਕੀਤਾ।

ਬੈਲਜੀਅਮ ਵਿੱਚ ਘੱਲੂਘਾਰਾ ਜੂਨ 1984 ਦੀ ਯਾਦ ਵਿੱਚ ਹੋਏ ਸ਼ਹੀਦੀ ਸਮਾਗਮ ਦੌਰਾਨ ਭਾਈ ਮਨਜੋਤ ਸਿੰਘ ਭੂਰਾ, ਭਾਈ ਗੁਰਦਿਆਲ ਸਿੰਘ ਢਕਾਨੂਸ ਅਤੇ ਸਾਥੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਹ ਕਿਤਾਬ ਰਿਲੀਜ਼ ਕੀਤੀ ਗਈ। ਇਸੇ ਤਰ੍ਹਾਂ ਪੈਰਿਸ (ਫਰਾਂਸ) ਵਿਖੇ ਪੰਜਾਬ ਤੋਂ ਕੁਝ ਦਿਨ ਪਹਿਲਾਂ ਪੁੱਜੇ ਕਵੀਸ਼ਰ ਭਾਈ ਨਿਸ਼ਾਨ ਸਿੰਘ ਦੇ ਕਵੀਸ਼ਰੀ ਜਥੇ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਇਸ ਕਿਤਾਬ ਨੂੰ ਲੋਕ-ਅਰਪਿਤ ਕੀਤਾ ਗਿਆ।

ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਉਹ ਸ਼ਖਸਿਅਤ ਹਨ ਜੋ ਆਪਣਾ ਸਾਰਾ ਜੀਵਨ ਸਿੱਖ ਸੰਘਰਸ਼ ਨੂੰ ਸਮਰਪਿਤ ਕਰ ਚੁੱਕੇ ਹਨ। ਉਹ ਅੱਜ-ਕੱਲ੍ਹ ਯੂ.ਕੇ. ਵਿੱਚ ਰਹਿ ਕੇ ਸੋਸ਼ਲ ਮੀਡੀਆ ਰਾਹੀਂ ਵੀਡੀਓਜ਼ ਬਣਾ ਕੇ ਸ਼ਹੀਦ ਸਿੰਘਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹਨ ਅਤੇ ਅਗਲੀ ਪੀੜ੍ਹੀ ਨੂੰ ਵਾਪਰੀ ਹਰ ਇਤਿਹਾਸਕ ਘਟਨਾ ਦੀ ਸਟੀਕ ਜਾਣਕਾਰੀ ਦਿੰਦੇ ਹਨ। ਪੰਥ ਅਤੇ ਕੌਮ ਪ੍ਰਤੀ ਹਰ ਪੱਖੋਂ ਸੁਚੇਤ ਭਾਈ ਡੱਲੇਵਾਲ ਆਪਣੀ ਕਲਮ ਰਾਹੀਂ ਪੰਜਾਬ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਨਿਰੰਤਰ ਯੋਗਦਾਨ ਪਾ ਰਹੇ ਹਨ।

ਇਸ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਇਤਿਹਾਸ ਦੀ ਝੋਲੀ ਵਿੱਚ ਆਪਣੀ ਕਿਤਾਬ "ਸੰਘਰਸ਼ ਦਾ ਦੌਰ" ਪਾਈ ਸੀ, ਜਿਸ ਦੇ ਹੁਣ ਤੱਕ ਦੋ ਐਡੀਸ਼ਨ (ਸਾਲ 2024 ਅਤੇ 2025 ਵਿੱਚ) ਆ ਚੁੱਕੇ ਹਨ। ਉਸ ਕਿਤਾਬ ਵਿੱਚ ਉਨ੍ਹਾਂ ਨੇ ਉਨ੍ਹਾਂ ਜੁਝਾਰੂ ਸਿੰਘਾਂ ਦੀ ਹਕੀਕਤ ਬਿਆਨ ਕੀਤੀ ਸੀ, ਜੋ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਦੀ ਚਾਹਤ ਰੱਖਦਿਆਂ ਆਪਣਾ ਆਪ ਵਾਰ ਕੇ ਸ਼ਹਾਦਤਾਂ ਦਾ ਜਾਮ ਪੀ ਗਏ।

ਆਪਣੀ ਨਵੀਂ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਵਿੱਚ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਉਨ੍ਹਾਂ ਬੀਬੀਆਂ ਨੂੰ 'ਸਿਦਕੀ' ਕਹਿ ਕੇ ਵਡਿਆਇਆ ਹੈ, ਜਿਨ੍ਹਾਂ ਨੇ ਆਪਣੇ ਸ਼ਹੀਦ ਹੋਏ ਸਿੰਘਾਂ ਦੇ ਨਾਮ ਨਾਲ ਆਪਣੀ ਸਾਰੀ ਜ਼ਿੰਦਗੀ ਪੰਥ ਨੂੰ ਸਮਰਪਿਤ ਕਰ ਦਿੱਤੀ। ਸਰਕਾਰਾਂ ਦੇ ਭਾਰੀ ਤਸ਼ੱਦਦ ਸਹਿਣ ਦੇ ਬਾਵਜੂਦ ਉਨ੍ਹਾਂ ਨੇ ਮਾਣ ਨਾਲ ਆਪਣਾ ਜੀਵਨ ਬਤੀਤ ਕੀਤਾ ਅਤੇ ਸ਼ਹੀਦ ਸਿੰਘਾਂ ਦੇ ਮਾਤਾ-ਪਿਤਾ ਜਾਂ ਬੱਚਿਆਂ ਦੀ ਦੇਖਭਾਲ ਕਰਨਾ ਆਪਣਾ ਪਰਮ-ਫ਼ਰਜ਼ ਸਮਝਿਆ।

ਦੂਜੇ ਪਾਸੇ, ਇਸ ਕਿਤਾਬ ਵਿੱਚ ਉਨ੍ਹਾਂ ਜੁਝਾਰੂ ਸਿੰਘਾਂ ਨੂੰ 'ਸੰਘਰਸ਼ੀ' ਦਰਸਾਇਆ ਗਿਆ ਹੈ, ਜੋ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ ਦੀ ਗੋਲੀ ਦੀ ਮਾਰ ਤੋਂ ਤਾਂ ਬਚ ਗਏ, ਪਰ ਉਨ੍ਹਾਂ ਨੇ ਆਪਣਾ ਬਾਕੀ ਸਾਰਾ ਜੀਵਨ (ਚਾਹੇ ਪੰਜਾਬ ਵਿੱਚ ਰਹਿ ਕੇ ਜਾਂ ਵਿਦੇਸ਼ਾਂ ਵਿੱਚ ਜਲਾਵਤਨੀ ਕੱਟ ਕੇ) ਕੌਮ ਲੇਖੇ ਲਾ ਦਿੱਤਾ। ਉਹ ਕਦੇ ਵੀ ਜ਼ਾਲਮ ਸਰਕਾਰਾਂ ਅੱਗੇ ਨਹੀਂ ਝੁਕੇ, ਨਾ ਹੀ ਉਨ੍ਹਾਂ ਦੀ ਈਨ ਮੰਨੀ ਅਤੇ ਆਪਣਾ ਸਿੱਖੀ ਸਿਦਕ ਆਖ਼ਰੀ ਸਾਹਾਂ ਤੱਕ ਨਿਭਾਉਣ ਲਈ ਵਚਨਬੱਧ ਰਹੇ।

## ਪੀ.ਏ.ਯੂ. ਅਤੇ ਭਾਰਤੀ ਮੌਸਮ ਵਿਗਿਆਨ ਵਿਭਾਗ ਵਿਚਕਾਰ ਮੌਸਮ ਰਾਡਾਰ ਸਥਾਪਿਤ ਕਰਨ ਲਈ ਸਮਝੌਤੇ ਤੇ ਪੁੱਜੇ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 9 ਜੂਨ : ਅੱਜ ਪੀ.ਏ.ਯੂ. ਅਤੇ ਭਾਰਤੀ ਮੌਸਮ ਵਿਗਿਆਨ ਵਿਭਾਗ ਵਿਚਕਾਰ ਇਕ ਸਮਝੌਤੇ ਉੱਪਰ ਸਹੀ ਪਾਈ ਗਈ| ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਪੀ.ਏ.ਯੂ. ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਅਤੇ ਭਾਰਤੀ ਮੌਸਮ ਵਿਗਿਆਨ ਵਿਭਾਗ ਚੰਡੀਗੜ ਦੇ ਨਿਰਦੇਸ਼ਕ ਡਾ. ਸੁਰਿੰਦਰ ਪੌਲ ਨੇ ਸਮਝੌਤੇ ਉੱਪਰ ਦਸਤਖਤ ਕੀਤੇ| ਪੀ.ਏ.ਯੂ. ਦੇ ਉੱਚ ਅਧਿਕਾਰੀ ਜਿਨ੍ਹਾਂ ਵਿਚ ਰਜਿਸਟਰਾਰ ਡਾ. ਰਿਸ਼ੀਪਾਲ ਸਿੰਘ ਆਈ ਏ ਐੱਸ ਅਤੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਇਸ ਮੌਕੇ ਮੌਜੂਦ ਰਹੇ|






ਡਾ. ਸਤਿਬੀਰ ਸਿੰਘ ਗੋਸਲ ਨੇ ਅੰਮ੍ਰਿਤਸਰ ਵਿਖੇ ਡੌਪਲਰ ਮੌਸਮ ਰਾਡਾਰ ਸਥਾਪਿਤ ਕਰਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਮੌਸਮ ਸੰਬੰਧੀ ਅਗਾਊਂ ਸੂਚਨਾ ਪ੍ਰਣਾਲੀ ਵਿਕਸਿਤ ਹੋਵੇਗੀ| ਉੱਤਰ ਪੱਛਮ ਭਾਰਤ ਵਿਚ ਸਟੀਕ ਮੌਸਮੀ ਭਵਿੱਖਬਾਣੀ ਸੰਬੰਧੀ ਅੰਕੜੇ ਇਕੱਤਰ ਕਰਕੇ ਉਹਨਾਂ ਨੂੰ ਜ਼ਮੀਨੀ ਪੱਧਰ ਦੀਆਂ ਸਥਿਤੀਆਂ ਨਾਲ ਮੇਲ ਕੇ ਰਾਜ ਵਿਚ ਮੌਸਮ ਵਿਗਿਆਨ ਦੇ ਨੈੱਟਵਰਕ ਦਾ ਵਿਸਥਾਰ ਸੰਭਵ ਹੋ ਸਕੇਗਾ| ਡਾ. ਗੋਸਲ ਨੇ ਏ ਆਈ ਵਿਧੀਆਂ ਦੀ ਸਹਾਇਤਾ ਨਾਲ ਖੇਤੀ ਵਿਚ ਅਗਾਊਂ ਮੌਸਮੀ ਭਵਿੱਖਬਾਣੀ ਤੰਤਰ ਦੀ ਸਥਾਪਤੀ ਉੱਪਰ ਜ਼ੋਰ ਦਿੱਤਾ| ਉਹਨਾਂ ਕਿਹਾ ਕਿ ਫਸਲਾਂ ਦੇ ਬਿਹਤਰ ਉਤਪਾਦਨ ਅਤੇ ਵੱਧ ਝਾੜ ਲਈ ਮੌਸਮ ਸੰਬੰਧੀ ਸਹੀ-ਸਹੀ ਜਾਣਕਾਰੀ ਅੱਜ ਦੇ ਸਮੇਂ ਦੀ ਪ੍ਰਮੁੱਖ ਜ਼ਰੂਰਤ ਹੈ|

ਇਸ ਮੌਕੇ ਗੱਲ ਕਰਦਿਆਂ ਭਾਰਤੀ ਮੌਸਮ ਵਿਗਿਆਨ ਵਿਭਾਗ, ਚੰਡੀਗੜ ਦੇ ਨਿਰਦੇਸ਼ਕ ਡਾ. ਸੁਰਿੰਦਰ ਪੌਲ ਨੇ ਕਿਹਾ ਕਿ ਇਹ ਰਾਡਾਰ ਮਿਸ਼ਨ ਮੌਸਮ ਸਕੀਮ ਤਹਿਤ ਭਾਰਤ ਸਰਕਾਰ ਦੀ ਯੋਜਨਾਬੰਦੀ ਦਾ ਹਿੱਸਾ ਹੈ| ਉਹਨਾਂ ਦੱਸਿਆ ਕਿ ਸੀ ਬੈਂਡ ਡੌਪਲਰ ਮੌਸਮੀ ਰਾਡਾਰ ਕ੍ਰਿਸ਼ੀ ਵਿਗਿਆਨ ਕੇਂਦਰ ਨਾਗਕਲਾਂ, ਅੰਮ੍ਰਿਤਸਰ ਵਿਚ ਸਥਾਪਿਤ ਕੀਤ ਜਾ ਰਿਹਾ ਹੈ| ਇਹ ਡੌਪਲਰ ਰਾਡਾਰ 250-300 ਕਿਲੋਮੀਟਰ ਦੇ ਘੇਰੇ ਵਿਚ ਮੌਸਮ ਦੀ ਸਹੀ ਜਾਣਕਾਰੀ ਮੁਹੱਈਆ ਕਰਾਉਣ ਦਾ ਕੰਮ ਕਰੇਗਾ| ਇਸ ਨਾਲ ਖੇਤੀ ਸੰਬੰਧੀ ਕਾਰਜਾਂ ਲਈ ਅਗਾਊਂ ਮੌਸਮੀ ਜਾਕਣਾਰੀ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ| ਵਿਸ਼ੇਸ਼ ਤੌਰ ਤੇ ਪੰਜਾਬ ਖੇਤਰ ਵਿਚ ਇਸ ਨਾਲ ਮੌਸਮ ਸੰਬੰਧੀ ਜਾਣਕਾਰੀ ਦੇ ਅੰਕੜੇ ਇਕੱਤਰ ਕਰਨ ਵਿਚ ਸਹਿਯੋਗ ਮਿਲੇਗਾ|

ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਇਸ ਬਾਰੇ ਗੱਲ ਕਰਦਿਆਂ ਕਿਹਾ ਕਿ 7 ਕ੍ਰਿਸ਼ੀ ਵਿਗਿਆਨ ਕੇਂਦਰਾਂ ਜਿਵੇਂ ਅੰਮ੍ਰਿਤਸਰ, ਪਠਾਨਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਸੰਗਰੂਰ, ਮਾਨਸਾ ਅਤੇ ਮੁਕਤਸਰ ਅਤੇ ਦੋ ਖੋਜ ਕੇਂਦਰਾਂ ਅਬੋਹਰ ਅਤੇ ਕਪੂਰਥਲਾ ਵਿਚ ਜ਼ਮੀਨੀ ਪੱਧਰ ਦੀ ਮੌਸਮੀ ਜਾਣਕਾਰੀ ਦੇਣ ਲਈ ਪ੍ਰੋਜੈਕਟ ਦੇ ਤਹਿਤ 9 ਯੰਤਰ ਸਥਾਪਿਤ ਕੀਤੇ ਗਏ ਹਨ| ਇਹਨਾਂ ਯੰਤਰਾਂ ਦੀ ਸਹਾਇਤਾ ਨਾਲ ਨਾ ਸਿਰਫ ਪੰਜਾਬ ਵਿਚ ਮੌਸਮ ਸੰਬੰਧੀ ਜਾਣਕਾਰੀ ਮਜ਼ਬੂਤ ਹੋਵੇਗੀ ਬਲਕਿ ਮੌਸਮ ਬਾਰੇ ਚੇਤਾਵਨੀ ਵੀ ਪਹਿਲਾਂ ਹੀ ਦਿੱਤੀ ਜਾ ਸਕੇਗੀ|

ਪੀ.ਏ.ਯੂ. ਦੇ ਖੇਤੀ ਮੌਸਮ ਵਿਗਿਆਨ ਵਿਭਾਗ ਦੇ ਮੁਖੀ ਡਾ. ਪਵਨੀਤ ਕੌਰ ਕਿੰਗਰਾ ਨੇ ਰਸਮੀ ਧੰਨਵਾਦ ਕਰਦਿਆਂ ਪੀ.ਏ.ਯੂ. ਅਤੇ ਭਾਰਤੀ ਮੌਸਮ ਵਿਗਿਆਨ ਵਿਭਾਗ ਵਿਚਕਾਰ ਸਾਂਝੇ ਪ੍ਰੋਜੈਕਟ ਬਾਰੇ ਚਾਨਣਾ ਪਾਇਆ| ਇਸਦੇ ਨਾਲ ਹੀ ਉਹਨਾਂ ਨੇ ਸਥਾਪਿਤ ਕੀਤੇ ਜਾ ਰਹੇ ਡੌਪਲਰ ਮੌਸਮੀ ਰਾਡਾਰ ਦੀ ਕਾਰਜ ਪ੍ਰਣਾਲੀ ਬਾਰੇ ਵੀ ਜਾਣਕਾਰੀ ਦਿੱਤੀ|

## ਛੱਟਾ ਚਾਨਣਾਂ ਦਾ ਦੇਈ ਜਾਣਾ ਵਾਲੇ ਮੇਰੇ ਮੁਰਸ਼ਦ ਸ਼ਾਇਰ-ਡਾ.ਸੁਰਿੰਦਰ ਗਿੱਲ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਬਚਪਨ ਵਿੱਚ ਹੀ ਵੱਡੇ ਭਰਾਵਾਂ ਦੇ ਮੂੰਹੋਂ ਸੁਰਿੰਦਰ ਗਿੱਲ ਜੀ ਦਾ ਨਾਮ ਬਹੁਤ ਵਾਰ ਸੁਣਿਆ ਸੀ। ਵੀਤਨਾਮ ਤੇ ਅਮਰੀਕਨ ਹਮਲਿਆਂ ਵੇਲੇ ਵਿਸ਼ਵ ਸੁੰਦਰੀ ਬਣੀ ਭਾਰਤੀ ਮੁਟਿਆਰ ਰੀਟਾ ਫੇਰੀਆ ਜਦ ਅਮਰੀਕਨ ਫੌਜੀਆਂ ਦੇ ਮਨੋਰੰਜਨ ਲਈ ਓਥੇ ਗਈ ਤਾਂ ਪੂਰੇ ਵਿਸ਼ਵ ਵਿੱਚ ਬੁਰਾ ਮਨਾਇਆ ਗਿਆ। ਆਪੋ ਆਪਣੇ ਢੰਗ ਨਾਲ ਸਭ ਨੇ ਉਸ ਨੂੰ ਨਕਾਰਿਆ। ਸੁਰਿੰਦਰ ਗਿੱਲ ਦੀ ਕਵਿਤਾ"ਐ ਮੇਰੇ ਵੀਰ ਵੀਤਨਾਮੀ, ਵੀਰ ਸੰਗਰਾਮੀ" ਵਿੱਚ ਉਸ ਨੇ ਰੀਟਾ ਫੇਰੀਆ ਨੂੰ ਬੇਦਖ਼ਲ ਕਰਦਿਆਂ ਪ੍ਰੀਤਲੜੀ ਮੈਗਜ਼ੀਨ ਵਿੱਚ ਕਵਿਤਾ ਲਿਖੀ ਜਿਸ ਵਿੱਚ ਉਸ ਕਿਹਾ ਕਿ ਇਸ ਨੂੰ ਮੇਰੇ ਗੇਸ਼ ਦੀ ਧੀ ਨਾ ਮੰਨਿਓ। ਇਹ ਤਾਂ ਡਾਲਰਾਂ ਦੇ ਤਾਲ ਤੇ ਨੱਚਣ ਆਈ ਹੈ।
ਕਾਵਿ ਖੇਤਰ ਵਿੱਚ ਸੁਰਿੰਦਰ ਗਿੱਲ ਦੀ ਕਵਿਤਾ
ਛੱਟਾ ਚਾਨਣਾਂ ਦਾ ਦੇਈ ਜਾਣਾ।
ਮੇਰੇ ਦੋਸਤੋ ਮੇਰੇ ਸਾਥੀਓ,
ਛੱਟਾ ਚਾਨਣਾਂ ਦਾ ਕੋਈ ਜਾਣਾ।
ਇਸ ਗੀਤ ਨੂੰ ਉਹ ਬੜੇ ਵਜਦ ਵਿੱਚ ਆ ਕੇ ਗਾਉਂਦਾ। ਪੂਰਾ ਪੰਜਾਬ ਝੂਮ ਉੱਠਿਆ।
ਲਾਇਲਪੁਰ ਖ਼ਾਲਸਾ ਕਾਲਿਜ ਜਲੰਧਰ ਵਿੱਚੋਂ ਐੱਮ ਏ ਕਰਕੇ 1969 ਸਾਲ ਗੁਰੂ ਨਾਨਕ ਜਨਮ ਸ਼ਤਾਬਦੀ ਮੌਕੇ ਕਾਲਾ ਅਫਗਾਨਾ(ਗੁਰਦਾਸਪੁਰ) ਵਿੱਚ ਨਵੇਂ ਖੁੱਲ੍ਹੇ ਗੁਰੂ ਨਾਨਕ ਕਾਲਿਜ ਵਿੱਚ ਮੇਰੇ ਅਧਿਆਪਕ ਬਣ ਗਏ।
ਗੁਰੂ ਨਾਨਕ ਸ਼ਤਾਬਦੀ ਵੇਲੇ ਕਾਲਿਜ ਵਿੱਚ ਕਰਵਾਏ ਕਵੀ ਦਰਬਾਰ ਵਿੱਚ ਉਨ੍ਹਾਂ ਪ੍ਰੋ. ਮੋਹਨ ਸਿੰਘ, ਸੂਬਾ ਸਿੰਘ, ਜਸਵੰਤ ਸਿੰਘ ਰਾਹੀ,ਡਾ. ਹਰਿਭਜਨ ਸਿੰਘ, ਸ ਸ ਮੀਸ਼ਾ, ਡਾ. ਜਗਤਾਰ, ਸ ਸ ਨੂਰ, ਸੁਰਜੀਤ ਪਾਤਰ, ਕਸ਼ਮੀਰ ਕਾਦਰ , ਸ ਸ ਅਰਮਾਨ ਤੇ ਕਈ ਹੋਰ ਕਵੀਆਂ ਨੂੰ ਬੁਲਾ ਕੇ ਸਾਨੂੰ ਸੁਣਾਇਆ। ਮੇਰੇ ਮਨ ਵਿੱਚ ਇਸ ਕਵੀ ਦਰਬਾਰ ਦੀ ਗੂੜ੍ਹੀ ਛਾਪ ਅੱਜ ਵੀ ਕਾਇਮ ਹੈ। ਏਸੇ ਨੇ ਹੀ ਮੈਨੂੰ ਸ਼ਬਦ ਮਾਰਗ ਤੇ ਤੋਰਿਆ।
ਏਥੇ ਦੋ ਸਾਲ ਪੜ੍ਹ ਕੇ ਮੈਂ 1971 ਵਿੱਚ ਲੁਧਿਆਣਾ ਆ ਗਿਆ। ਇੱਥੇ ਮੇਰੇ ਅਧਿਆਪਕ ਡਾ. ਸ ਪ ਸਿੰਘ ਜੀ ਤੋਂ ਪਤਾ ਲੱਗਾ ਕਿ ਉਹ ਸੁਰਿੰਦਰ ਗਿੱਲ ਦੇ ਸਹਿਪਾਠੀ ਰਹੇ ਹਨ ਜਲੰਧਰ।
ਇਥੇ ਆ ਕੇ ਹੀ ਮੈਂ ਲਾਇਬਰੇਰੀ ਵਿੱਚੋਂ ਲੈ ਕੇ ਉਨ੍ਹਾਂ ਦੀਆਂ ਪਹਿਲੀਆਂ ਦੋ ਕਾਵਿ ਕਿਤਾਬਾਂ "ਸ਼ਗਨ " ਅਤੇ "ਸਫ਼ਰ ਤੇ ਸੂਰਜ" ਪੜ੍ਹੀਆਂ।
ਮੇਰੇ ਪ੍ਰਥਮ ਅਧਿਆਪਕ ਤੇ ਕਾਵਿ ਪ੍ਰੇਰਨਾ ਸਰੋਤ ਸੁਰਿੰਦਰ ਗਿੱਲ ਜੀ ਦਾ ਜਨਮ 23 ਮਾਰਚ 1942 ਨੂੰ ਲੁਧਿਆਣਾ ਦੇ ਜਗਰਾਉਂ – ਰਾਏਕੋਟ ਮਾਰਗ ਤੇ ਪੈਂਦੇ ਪਿੰਡ ਰੂਮੀ ਵਿੱਚ ਸ. ਸੌਦਾਗਰ ਸਿੰਘ ਗਿੱਲ ਅਤੇ ਸ੍ਰੀਮਤੀ ਦਲੀਪ ਕੌਰ ਦੇ ਘਰ ਹੋਇਆ।
ਸਬੱਬ ਦੇਖੋ, ਕਈ ਸਾਲਾਂ ਬਾਦ ਮੈਂ ਲਾਜਪਤ ਰਾਏ ਮੈਮੋਰੀਅਲ ਕਾਲਿਜ ਜਗਰਾਉਂ ਵਿੱਚ ਉਨ੍ਹਾਂ ਦੀ ਨਿੱਕੀ ਭੈਣ ਦਾ ਅਧਿਆਪਕ ਬਣਿਆ। ਉਨ੍ਹਾਂ ਨੇ ਜਦ ਕਦੇ ਪਿੰਡ ਆਉਣਾ, ਆਸ਼ੀਰਵਾਦ ਦਿੱਤੇ ਬਿਨਾਂ ਕਦੇ ਨਾ ਪਰਤਦੇ।
1973 ਵਿੱਚ ਉਹ ਸਰਕਾਰੀ ਕਾਲਿਜ ਅਧਿਆਪਕ ਬਣ ਕੇ ਪਹਿਲਾਂ ਗੌਰਮਿੰਟ ਕਾਲਿਜ ਪੱਟੀ ਤੇ ਮਗਰੋਂ ਸੇਵਾ ਮੁਕਤੀ ਤੀਕ ਰਣਧੀਰ ਗੌਰਮਿੰਟ ਕਾਲਿਜ ਕਪੂਰਥਲਾ ਵਿੱਚ ਪੜ੍ਹਾਉਂਦੇ ਰਹੇ। ਥੋੜਾ ਸਮਾਂ ਭਾਵੇਂ ਕਿਤੇ ਹੋਰ ਗਏ ਹੋਣ, ਮੈਨੂੰ ਗਿਆਤ ਨਹੀਂ।
ਕਦੇ ਕਸ਼ਮੀਰ ਕਾਦਰ ਨੇ ਆਪਣਾ ਅਮਰ ਗੀਤ
ਜੇ ਸਾਡੀ ਗਲ਼ੀ ਆਵੇਂ ਮਿੱਤਰਾ, ਤੈਨੂੰ ਹਾਸਿਆਂ ਦੇ ਜ਼ਖ਼ਮ ਵਿਖਾਵਾਂ।
ਹੋਇਆ ਕੀ ਜੇ ਕਵੀ ਏਂ ਤੂੰ
ਸਾਰਾ ਜੱਗ ਜਾਣਦਾ।
ਮੇਰਾ ਵੀ ਮੁਹੱਲਾ ਤੇਰੀ ਕਵਿਤਾ ਦੇ ਹਾਣ ਦਾ।
ਜਿੰਨੇ ਚੁੱਕ ਲਏਗਾ ਗੀਤ ਚੁਕਾਵਾਂ।
ਮੈਂ ਜਿੰਨੇ ਸਾਲ ਜਿੱਥੇ ਵੀ ਪੜ੍ਹਾਇਆ, ਸੁਰਿੰਦਰ ਗਿੱਲ ਕਵੀ ਦਰਬਾਰਾਂ ਵਿੱਚ ਸ਼ਾਮਲ ਹੋ ਕੇ ਮੇਰਾ ਮਾਣ ਵਧਾਉਂਦੇ ਰਹੇ।
ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਸਰਦਾਰ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਤੇ ਭਾਸ਼ਾ ਵਿਭਾਗ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜੱਬੀ ਕਵੀ ਪੁਰਸਕਾਰ ਮਿਲ ਚੁੱਕਾ ਹੈ। ਹਾਲਾਤ ਦੀ ਸਿਤਮ ਜ਼ਰੀਫੀ ਵੇਖੋ, ਦੋਵੇਂ ਵਾਰ ਪੁਰਸਕਾਰ ਚੋਣ ਕਮੇਟੀ ਵਿੱਚ ਮੈਂ ਵੀ ਸ਼ਾਮਲ ਸਾਂ। ਜੇ ਭਾਰਤੀ ਸਾਹਿੱਤ ਅਕਾਡਮੀ ਲਾਗੇ ਲੱਗਣ ਦਿੰਦੀ ਤਾਂ ਮੇਰਾ ਮੁਰਸ਼ਦ ਓਥੇ ਵੀ ਸਨਮਾਨਿਤ ਹੋਣਾ ਸੀ। ਚਲੋ! ਕੋਈ ਨਾ, ਜੇ ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਦੇਵਿੰਦਰ ਸਤਿਆਰਥੀ ਨੂੰ ਇਹ ਪੁਰਸਕਾਰ ਨਹੀਂ ਮਿਲੇ ਤਾਂ ਉਹ ਕਿਹੜੇ ਨਿੱਕੇ ਹੋ ਗਏ?
ਇਸ ਘੜੀ ਪ੍ਰੋ. ਮੋਹਨ ਸਿੰਘ ਜੀ ਦੀ ਗ਼ਜ਼ਲ ਦਾ ਇਹ ਸ਼ਿਅਰ ਚੇਤੇ ਆ ਰਿਹੈ।
ਜੇ ਰਲ਼ਦੇ ਭੀੜ ਵਿੱਚ ਤਾਂ ਇੱਕ ਦੋ ਭੋਰਾ ਲੈ ਮਰਦੇ,
ਅਸੀਂ ਆਦਰਸ਼ ਦੀ ਚੋਟੀ ਤੋਂ ਥੱਲੇ ਲਹਿ ਨਾ ਸਕੇ।
ਭੋਰਾ ਲੈਣ ਲਈ ਆਦਰਸ਼ ਦੀ ਚੋਟੀ ਤੋਂ ਉੱਤਰ ਕੇ ਮਰਨਾ ਪੈਂਦਾ ਹੈ। ਪ੍ਰੋ. ਮੋਰਨ ਸਿੰਘ ਜੀ ਦਾ ਸਬਕ ਚੇਤੇ ਰੱਖਣਾ ਬੇਹੱਦ ਜ਼ਰੂਰੀ ਹੈ।
ਡਾ. ਸੁਰਿੰਦਰ ਗਿੱਲ ਦੇ ਹੁਣ ਤੀਕ ਛਪੇ ਕਾਵਿ ਸੰਗ੍ਰਹਿ ਸ਼ਗਨ (1963)ਸਫਰ ਤੇ ਸੂਰਜ (1967)ਗੁੰਗਾ ਦਰਦ (1987)ਆਵਾਜ਼ (1998)ਹੁਣ ਧੀਆਂ ਦੀ ਵਾਰੀ (2005)ਦੋਸਤੀ ਦੀ ਰੁੱਤ (2007)ਰਸੀਆਂ ਨਿਮੋਲੀਆਂ (2013)ਗੀਤ ਦਾ ਬੇਦਾਵਾ (2015)ਉਸਨੇ ਕਿਹਾ (2019)
ਪੁਲ਼ ਤੇ ਪਾਣੀ (2023)
ਤੇ ਪਿਛਲੇ ਸਾਲ ਹੀ ਸਪਤ ਰਿਸ਼ੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਸੱਜਰਾ ਕਾਵਿ ਸੰਗ੍ਰਹਿ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਨਿਰੰਤਰ ਸਿਰਜਣਸ਼ੀਲ ਹਨ।
ਉਨ੍ਹਾਂ ਦੀਆਂ ਦੋ ਖੋਜ ਪੁਸਤਕਾਂ ਰਾਜਨੀਤਕ ਪੰਜਾਬੀ ਕਵਿਤਾ (2022), ਦੀਵਾਨ ਸਿੰਘ ਕਾਲੇ ਪਾਣੀ – ਜੀਵਨ ਤੇ ਰਚਨਾ (1973) ਛਪ ਚੁੱਕੀਆਂ ਹਨ।
ਇੱਕ ਸਫ਼ਰਨਾਮਾ ਪੰਜ ਪ੍ਰਦੇਸ (2018) ਵੀ ਛਪ ਚੁੱਕਾ ਹੈ।
ਪਰਸੋਂ ਹੀ ਸ਼ਮਸ਼ੇਰ ਸਿੰਘ ਸੰਧੂ ਮੈਨੂੰ ਸੁਰਿੰਦਰ ਗਿੱਲ ਦੀ ਗ਼ਜ਼ਲ ਦਾ ਸ਼ਿਅਰ ਸੁਣਾ ਰਿਹਾ ਸੀ।

ਵਰ੍ਹਿਆਂ ਤੀਕ ਉਡੀਕੀਂ ਜਿਸ ਨੇ ਜ਼ਿੰਦਗਾਨੀ,
ਆਈ ਤਾਂ ਦਰਵਾਜ਼ੇ ਤੱਕ ਨਾ ਹਿੱਲ ਹੋਇਆ।
ਜਵਾਨ ਉਮਰੇ ਉਨ੍ਹਾਂ ਰਘਬੀਰ ਸਿੰਘ ਸਿਰਜਣਾ ਤੇ ਹੋਰ ਦੋਸਤਾਂ ਨਾਲ ਮਿਲ ਕੇ "ਸਿਰਜਣਾ" ਤ੍ਰੈਮਾਸਿਕ ਮੈਗਜ਼ੀਨ ਦਾ ਆਰੰਭ ਕਰਵਾਇਆ।
ਸੇਵਾ ਮੁਕਤੀ ਉਪਰੰਤ ਹੁਣ ਲੰਮੇ ਸਮੇਂ ਤੋਂ ਮੋਹਾਲੀ ਵਿੱਚ ਰਹਿ ਰਹੇ ਹਨ। ਹਿੰਮਤ ਨਾਲ ਚੰਡੀਗੜ੍ਹ ਤੇ ਮੋਹਾਲੀ ਦੇ ਸਾਹਿੱਤਕ ਪ੍ਰੋਗਰਾਮਾਂ ਵਿੱਚ ਜ਼ਰੂਰ ਜਾਂਦੇ ਹਨ।
ਪੇਸ਼ ਹਨ ਉਨ੍ਹਾਂ ਦੀਆਂ ਦੋ ਕਵਿਤਾਵਾਂ


ਚਿੱਤਰ: ਆਸਿਫ਼ ਰਜ਼ਾ

1.
ਚੇਤੇ ਦੀ ਪੁਸਤਕ ਦੇ ਪੰਨੇ

ਬਚਪਨ ਤੋਂ ਬੁਢਾਪੇ ਤਕ ਦੇ ਸਫ਼ਰ
ਕੁਝ ਚੰਗੀਆਂ ਕੁਝ ਮੰਦੀਆਂ ਘਟਨਾਵਾਂ ਘਟੀਆਂ
ਸਮੇਂ ਸਮੇਂ ਟੱਕਰੇ ਕੁਝ ਪਿਆਰੇ
ਤੇ ਕੁਝ ਹੱਤਿਆਰੇ ਲੋਕ
ਮਨ ਤਨ ਉੱਤੇ ਪੀੜ ਪਰੁੱਚੇ ਜ਼ਖਮ
ਤੇ ਕਈ ਸੁਰਗ ਹੁਲਾਰੇ।
ਰਲਗੱਡ ਹੋਏ ਸਾਰੇ ਦੇ ਸਾਰੇ
ਮਨ ਮੇਰੇ ਦੇ ਚਿਤ੍ਰਪਟ 'ਤੇ ਉੱਭਰ ਰਹੇ ਨੇ
ਲੱਖ ਭੁਲਾਉਣ ਦੇ ਯਤਨ ਕਰਾਂ
ਪਰ ਨਹੀਂ ਭੁੱਲਦੇ।
ਇਹਨਾਂ ਦੁੱਖਾਂ ਸੁੱਖਾਂ ਚੋਂ ਹੀ
ਗੀਤਾਂ ਤੇ ਕਵਿਤਾਵਾਂ ਦੀ
ਰਚਨਾ ਹੋਈ
ਉਨ੍ਹਾਂ ਪਿਆਰੇ ਅਤੇ ਕੌੜੇ ਪਲਾਂ ਨੂੰ
ਆਪਣੇ ਇਤਿਹਾਸ ਦੇ
ਪੰਨਿਆਂ ਵਿਚੋਂ
ਕਿਸ ਤਰਾਂ ਮਨਫ਼ੀ ਕਰਾਂ?
ਇਹ ਮੇਰੀ
ਚੇਤੇ ਦੀ ਪੁਸਤਕ ਦੇ ਪੰਨੇ
ਇਕ ਜਿਉਂਦਾ ਜਾਗਦਾ
ਇਤਿਹਾਸ ਨੇ।
2.
ਇਹ ਲਹੂ ਮੇਰੇ ਪੰਜਾਬ ਦਾ ਹੈ

ਧਰਤੀ 'ਤੇ ਡੁਲ੍ਹਿਆ ਰੰਗ ਨਹੀਂ
ਇਹ ਲਹੂ ਮੇਰੇ ਪੰਜਾਬ ਦਾ ਹੈ

ਕੋਈ ਸ਼ਹਿਰ ਦਿੱਲੀ ਜਾਂ ਅੰਮ੍ਰਿਤਸਰ
ਮੇਰਾ ਪਿੰਡ ਰੂਮੀ ਜਾਂ ਪ੍ਰੀਤ ਨਗਰ
ਜਿਧਰੋਂ ਵੀ ਚੰਦਰੀ ਸੋਅ ਆਵੇ
ਮੇਰੇ ਦਿਲ ਵਿੱਚ ਡੂੰਘੀ ਲਹਿ ਜਾਵੇ
ਇਹ ਜੋ ਚੌਂਕ 'ਚ ਲਹੂ-ਲੁਹਾਣ ਪਿਆ
ਇਹ ਪੰਨਾ ਮੇਰੀ ਕਿਤਾਬ ਦਾ ਹੈ
ਕਲ੍ਹ ਰਾਤ ਪਿੰਡ ਦੀਆਂ ਨਿਆਈਆਂ 'ਚੋਂ
ਤੜ ਤੜ ਤੜ ਤੜ ਆਵਾਜ਼ ਪਈ
ਹਰ ਮੂੰਹ 'ਤੇ ਸਹਿਮ ਦਾ ਜੰਦਰਾ ਸੀ
ਹਰ ਅੱਖ ਸੀ ਜੀਕਣ ਤਿੜਕ ਗਈ
ਜਿਹਨੂੰ 'ਅਣਪਹਿਚਾਣੀ ਲਾਸ਼' ਕਹਿਣ
ਇਹ ਸ਼ਵ ਤਾਂ ਕਿਸੇ ਗੁਲਾਬ ਦਾ ਹੈ

ਕੁਝ ਸ਼ੈਤਾਨਾਂ ਦੀ ਚਾਲ ਸਹੀ
ਸਾਡੀ ਜੂਨ ਤਾਂ ਖ਼ਰਾਬ ਹੋਈ
ਕਿਉਂ ਸ਼ਹਿਰ ਦੇ ਮੱਥੇ ਸਹਿਮ ਜਿਹਾ
ਕਿਉਂ ਪਿੰਡ ਦੀ ਸੱਥ ਬੇਆਬ ਹੋਈ
ਇਸ ਚੰਦਰੀ ਬਵਾ ਦੀ ਜੜ੍ਹ ਫੜੀਏ
ਇਹ ਲੇਖਾ ਕਿਸ ਹਿਸਾਬ ਦਾ ਹੈ

ਧਰਤੀ 'ਤੇ ਡੁਲਿਆ ਰੰਗ ਨਹੀਂ
ਇਹ ਲਹੂ ਮੇਰੇ ਪੰਜਾਬ ਦਾ ਹੈ
ਇਹ ਤੱਤਾ ਲਹੂ ਪੰਜਾਬ ਦਾ ਹੈ
ਇਹ ਗਾੜ੍ਹਾ ਲਹੂ ਪੰਜਾਬ ਦਾ ਹੈ

## ਬਾਬੂ ਰਜਬ ਅਲੀ ਕਵੀਸ਼ਰ ਤੇ ਪ੍ਰਥਮ ਪੀ ਐੱਚ ਡੀ ਡਾ. ਰੁਲੀਆਂ ਸਿੰਘ ਸਿੱਧੂ ਸੁਰਗਵਾਸ

### ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਅਫ਼ਸੋਸ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 9 ਜੂਨ : ਸਾਹਿਤਕ ਅਤੇ ਅਕਾਦਮਿਕ ਖੇਤਰ ਦੀ ਨਾਮਵਾਰ ਸ਼ਖਸੀਅਤ ਪ੍ਰਿੰਸੀਪਲ ਡਾ. ਰੁਲੀਆ ਸਿੰਘ ਸਿੱਧੂ ਜੀ ਦਾ ਨਿਉਜ਼ੀਲੈਂਡ ਵਿਖੇ ਦੇਹਾਂਤ ਹੋ ਗਿਆ ਹੈ। ਪੰਜਗਰਾਈ(ਮੋਗਾ) ਦੇ ਜੰਮਪਲ ਤੇ ਸੇਵਾਪੰਥੀ ਸੰਪਰਦਾਏ ਦੇ ਸੰਤ ਮੱਖਣ ਸਿੰਘ ਜੀ ਦੇ ਵੱਡੇ ਵੀਰ ਡਾਕਟਰ ਰੁਲੀਆ ਸਿੰਘ ਸਿੱਧੂ ਨੇ ਜਿਥੇ ਪੰਜਾਬੀ ਦੇ ਸ਼੍ਰੋਮਣੀ ਕਵੀਸ਼ਰ ਬਾਬੂ ਰਜਬ ਅਲੀ ਜੀ ਦਾ ਪੰਜਾਬੀ ਸਾਹਿਤ ਵਿੱਚ ਯੋਗਦਾਨ ਉੱਪਰ ਪੀ.ਐਚ.ਡੀ ਕਰਕੇ ਡਾਕਟਰ ਦੀ ਉਪਾਧੀ ਹਾਸਿਲ ਕੀਤੀ ਉਥੇ ਉਹਨਾਂ ਨੇ ਆਪਣੇ ਸਾਹਿਤਕ ਖੇਤਰ ਦਾ ਵਿਸਥਾਰ ਕਰਦਿਆਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਦੋ ਨਾਵਲ 'ਘੁੰਮਣਘੇਰੀ' ਅਤੇ 'ਮੱਸਿਆ' ਵੀ ਪਾਏ। ਇਸ ਤੋਂ ਇਲਾਵਾ ਉਨ੍ਹਾਂ ਗੁਰਬਾਣੀ ਸਾਹਿਤ ਉੱਪਰ ਆਪਣੀ ਕਲਮ ਅਜ਼ਮਾਈ ਕਰਦਿਆਂ 'ਸ੍ਰੀ ਜਪੁਜੀ ਸਾਹਿਬ' ਦੀ ਸਰਲ ਵਿਚਾਰ ਦੇ ਪਰਚੇ ਛਪਵਾ ਕੇ ਗੁਰੂ ਘਰਾਂ ਅਤੇ ਆਮ ਲੋਕਾਂ ਵਿੱਚ ਵੰਡੇ ਤਾਂ ਜੋ ਉਨ੍ਹਾਂ ਨੂੰ ਗੁਰਬਾਣੀ ਦੇ ਅਸਲ ਮਨੋਰਥ ਤੋਂ ਜਾਣੂ ਕਰਵਾਇਆ ਜਾ ਸਕੇ।

ਉਹ ਪਿਛਲੇ ਲੰਮੇ ਸਮੇਂ ਤੋਂ ਆਪਣੇ ਵੱਡੇ ਪੁੱਤਰ ਨਵਜੋਤ ਸਿੰਘ ਸਿੱਧੂ ਨਾਲ ਨਿਊਜ਼ੀਲੈਂਡ ਵਿੱਚ ਰਹਿ ਰਹੇ ਸਨ ਉੱਥੇ ਹੀ ਉਨ੍ਹਾਂ ਨੇ ਆਪਣੇ ਅੰਤਿਮ ਸਵਾਸ ਲਏ। ਉਨ੍ਹਾਂ ਦੇ ਤੁਰ ਜਾਣ ਨਾਲ ਪੰਜਾਬੀ ਭਾਈਚਾਰੇ ਤੇ ਸਾਹਿਤਕ ਖੇਤਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਨਿਊਜ਼ੀਲੈਂਡ ਵਿਖੇ ਹੀ ਕੀਤਾ ਜਾਵੇਗਾ।

ਸ਼ਹੀਦ ਭਗਤ ਸਿੰਘ ਮਿਉਂਸਪਲ ਕਾਲਿਜ ਕੋਟਕਪੂਰਾ ਦੇ ਉਹ ਲੰਮਾ ਸਮਾਂ ਪ੍ਰਿੰਸੀਪਲ ਰਹੇ। ਡਾ. ਆਤਮ ਹਮਰਾਹੀ ਜੀ ਦੀ ਪ੍ਰੇਰਨਾ ਨਾਲ ਹੀ ਉਨ੍ਹਾਂ ਬਾਬੂ ਰਜਬ ਅਲੀ ਜੀ ਬਾਰੇ ਡਾਕਟਰੇਟ ਦੀ ਉਪਾਧੀ ਹਾਸਲ ਕੀਤੀ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਸ਼ਰੰਧਾਂਜਲੀ ਭੇਂਟ ਕਰਦਿਆਂ ਇਸ ਸੰਸਥਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਡਾ. ਸਿੱਧੂ ਬਹੁਤ ਨਿਰਛਲ ਤੇ ਨਿਰਵਿਕਾਰ ਰੂਹ ਸਨ। ਡਾ. ਆਤਮ ਹਮਰਾਹੀ ਜੀ ਕਾਰਨ ਉਹ 1976-77 ਤੋਂ ਮੇਰੇ ਮਿਹਰਬਾਨ ਸਨ। ਬਾਬੂ ਰਜਬ ਅਲੀ ਜੀ ਦੀ ਸਾਹੀਵਾਲ(ਪਾਕਿਸਤਾਨ ) ਵੱਸਦੀ ਪੋਤਰੀ ਰੇਹਾਨਾ ਰਜਬ ਅਲੀ ਮੈਨੂੰ ਪਿਛਲੇ ਸਾਲਾਂ ਜਦ ਵੀ ਮਿਲਦੀ ਰਹੀ ਹੈ ਤਾਂ ਉਹ ਰੁਲੀਆ ਸਿੰਘ ਸਿੱਧੂ ਜੀ ਨੂੰ ਬਾਬਲ ਵਾਂਗ ਸਤਿਕਾਰ ਦੇਣਾ ਨਾ ਭੁੱਲਦੀ।

ਉਨ੍ਹਾਂ ਦੀ ਫੋਨ ਕਾਲ ਹੁਣ ਕਦੇ ਨਹੀਂ ਆਵੇਗੀ, ਜਿਸ ਦਾ ਵਿਗੋਚਾ ਹੁਣ ਰਹਿੰਦੀ ਸਾਰੀ ਉਮਰ ਰਹੇਗਾ।

## ਵਿਪਸਾਅ ਦੀ ਮਾਸਿਕ ਮਿਲਣੀ ਵਿਚ ਕਵਿਤਾ ਦੇ ਅਰਥ ਅਤੇ ਮੰਤਵ 'ਤੇ ਗੰਭੀਰ ਸੰਵਾਦ

### ਸੰਤੋਖ ਸਿੰਘ ਮਿਨਹਾਸ ਦਾ ਕਾਵਿ ਸੰਗ੍ਰਹਿ 'ਸ਼ਬਦ ਹੀ ਜੀਉ ਹੈ' ਲੋਕ-ਅਰਪਣ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਹੇਵਰਡ, 9 ਜੂਨ : ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ ਸੰਸਥਾ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਦੇ ਲਿਵਰਮੋਰ ਸਥਿਤ ਗ੍ਰਹਿ ਵਿਖੇ ਇੱਕ ਮਾਸਿਕ ਸਾਹਿਤਕ ਮਿਲਣੀ ਕਰਵਾਈ ਗਈ। ਇਹ ਮਿਲਣੀ ਜਿੱਥੇ ਕਵਿਤਾ ਦੇ ਅਰਥਾਂ ਅਤੇ ਸਮਾਜਿਕ ਸਰੋਕਾਰਾਂ 'ਤੇ ਗੰਭੀਰ ਸੰਵਾਦ ਦਾ ਕੇਂਦਰ ਬਣੀ, ਉੱਥੇ ਹੀ ਪ੍ਰਸਿੱਧ ਸਾਹਿਤਕਾਰ ਸੰਤੋਖ ਸਿੰਘ ਮਿਨਹਾਸ ਦਾ ਨਵਾਂ ਕਾਵਿ ਸੰਗ੍ਰਹਿ 'ਸ਼ਬਦ ਹੀ ਜੀਉ ਹੈ' ਅਤੇ 'ਪੰਜਾਬੀਅਤ' ਰਸਾਲੇ ਦਾ ਨਵਾਂ ਅੰਕ ਵੀ ਲੋਕ-ਅਰਪਣ ਕੀਤਾ ਗਿਆ।



ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਡਾ. ਜਸਵੀਰ ਗਿੱਲ, ਡਾ. ਸੁਖਵਿੰਦਰ ਕੰਬੋਜ, ਕੁਲਵਿੰਦਰ, ਹਰਜਿੰਦਰ ਕੰਗ ਅਤੇ ਪ੍ਰਿਥੀਪਾਲ ਸਿੰਘ ਸੋਹੀ ਸ਼ਾਮਲ ਹੋਏ। ਸਮਾਗਮ ਦੇ ਸ਼ੁਰੂ ਵਿੱਚ ਜਗਜੀਤ ਨੌਸ਼ਹਿਰਵੀ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਡਾ. ਜਸਵੀਰ ਸਿੰਘ ਗਿੱਲ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 'ਆਨਰੇਰੀ ਡਾਕਟਰੇਟ' ਦੀ ਡਿਗਰੀ ਹਾਸਲ ਕਰਨ 'ਤੇ ਸਮੂਹ ਮੈਂਬਰਾਂ ਨੇ ਵਿਸ਼ੇਸ਼ ਮੁਬਾਰਕਬਾਦ ਦਿੱਤੀ। ਮੰਚ ਸੰਚਾਲਨ ਦੀ ਭੂਮਿਕਾ ਲਾਜ ਨੀਲਮ ਸੈਣੀ ਨੇ ਬਾਖ਼ੂਬੀ ਨਿਭਾਈ।

ਵਿਚਾਰ-ਚਰਚਾ ਦੇ ਪਹਿਲੇ ਦੌਰ ਵਿੱਚ ਬੁਲਾਰਿਆਂ ਨੇ ਕਵਿਤਾ ਦੀ ਸੂਖ਼ਮਤਾ ਅਤੇ ਇਸ ਦੇ ਮਨੁੱਖੀ ਜੀਵਨ 'ਤੇ ਪ੍ਰਭਾਵ ਬਾਰੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਕਵਿਤਾ ਬਾਕੀ ਸਭ ਕਲਾਵਾਂ ਨਾਲੋਂ ਸੂਖ਼ਮ ਹੈ। ਸੁਰਜੀਤ ਸਖੀ ਅਨੁਸਾਰ ਕਵਿਤਾ ਦਾ ਮੂਕ ਸ੍ਰੋਤ ਭਾਵਨਾਵਾਂ ਹਨ, ਜਿਸ ਵਿੱਚ ਜੀਵਨ ਦੇ ਰੰਗ ਅਤੇ ਕੁਦਰਤ ਦੀ ਵੰਨ-ਸੁਵੰਨਤਾ ਹੁੰਦੀ ਹੈ। ਹਰਿੰਦਰ ਕੌਰ ਸੋਹੀ ਨੇ ਐਸ. ਐਸ. ਮੀਸ਼ਾ ਦੀ ਕਵਿਤਾ 'ਚੀਕ ਬੁਲਬੁਲੀ' ਦਾ ਹਵਾਲਾ ਦਿੰਦਿਆਂ ਕਿਹਾ ਕਿ ਕਵਿਤਾ ਮਨ ਦੀ ਭੜਾਸ ਕੱਢਣ, ਹੌਂਸਲੇ ਬੁਲੰਦ ਕਰਨ ਅਤੇ ਹਾਕਮ ਦੇ ਬੋਲੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਦਾ ਜ਼ਰੀਆ ਹੈ।

ਅਮਰਜੀਤ ਕੌਰ ਪੰਨੂੰ ਨੇ ਕਿਹਾ ਕਿ ਕਵਿਤਾ ਦੇ ਅਰਥ ਅੱਖਰਾਂ ਦੇ ਪਿੱਛੇ ਲੁਕੇ ਬਿੰਬਾਂ ਵਿੱਚ ਹੁੰਦੇ ਹਨ, ਜਦਕਿ ਡਾ. ਸੁਖਵਿੰਦਰ ਕੰਬੋਜ ਨੇ ਭਾਵਾਂ ਦੇ ਕਥਾਰਸਿਸ (ਨਿਕਾਸ) ਨੂੰ ਹੀ ਕਵਿਤਾ ਦੱਸਿਆ। ਹਰਜਿੰਦਰ ਕੰਗ ਨੇ ਕਿਹਾ ਕਿ ਕਵਿਤਾ ਮਨੁੱਖ ਨੂੰ ਆਪੇ ਦੇ ਸਨਮੁਖ ਕਰਦੀ ਹੈ ਅਤੇ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਕਵਿਤਾ ਨੂੰ ਰੂਹ ਨੂੰ ਸਰਸ਼ਾਰ ਕਰਨ ਵਾਲੀ ਵਿਧਾ ਦੱਸਿਆ। ਉਨ੍ਹਾਂ ਮਾਣ ਜਤਾਇਆ ਕਿ ਕੰਗ ਦੀ ਕਵਿਤਾ ਪਾਕਿਸਤਾਨ ਅਤੇ ਕੁਲਵਿੰਦਰ ਦੇ ਸ਼ੇਅਰ ਬਠਿੰਡੇ ਵਿੱਚ ਆਮ ਲੋਕਾਂ ਦੀ ਉਦਾਸੀ ਦੂਰ ਕਰ ਰਹੇ ਹਨ।

ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਕਿਸਾਨ ਮੋਰਚੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕਿਸੇ ਮੰਤਵ ਲਈ ਲਿਖੀ ਕਵਿਤਾ ਲੋਕਾਂ ਦੇ ਮਨਾਂ ਦੀਆਂ ਪਰਤਾਂ ਵਿੱਚ ਲਹਿੰਦੀ ਹੈ। ਕਵਿਤਾ ਦੇ ਵਿਸ਼ਾਲ ਦਾਇਰੇ 'ਤੇ ਰੌਸ਼ਨੀ ਪਾਉਂਦਿਆਂ ਜਸਵੀਰ ਸਿੰਘ ਧੀਮਾਨ ਨੇ ਕਿਹਾ ਕਿ ਕਵਿਤਾ ਆਪੇ ਦੀ ਤਲਾਸ਼ ਹੈ, ਅਮਰਜੀਤ ਸਿੰਘ ਜੌਹਲ ਨੇ ਕਿਹਾ ਕਿ ਕਵਿਤਾ ਰੂਹ ਦੀ ਤ੍ਰਿਪਤੀ ਅਤੇ ਲਾਜ ਨੀਲਮ ਸੈਣੀ ਨੇ ਕਿਹਾ ਕਿ ਮਨੁੱਖ ਨੂੰ ਮਨੁੱਖ ਬਣਾਈ ਰੱਖਣ ਵਾਲੀ ਤਾਕਤ ਹੈ। ਇਸ ਸੰਵਾਦ ਵਿੱਚ ਸੰਤੋਖ ਸਿੰਘ ਮਿਨਹਾਸ, ਪ੍ਰੋ. ਸੁਖਦੇਵ ਸਿੰਘ ਅਤੇ ਅਵਤਾਰ ਗੋਂਦਾਰਾ ਨੇ ਵੀ ਸਰਗਰਮੀ ਨਾਲ ਹਿੱਸਾ ਲਿਆ।

ਸਮਾਗਮ ਦੇ ਦੂਜੇ ਦੌਰ ਵਿੱਚ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਸੁਰਮਈ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਇਸ ਤੋਂ ਬਾਅਦ ਸੰਤੋਖ ਸਿੰਘ ਮਿਨਹਾਸ ਦਾ ਚੌਥਾ ਕਾਵਿ ਸੰਗ੍ਰਹਿ 'ਸ਼ਬਦ ਹੀ ਜੀਉ ਹੈ' ਅਤੇ ਸੰਤੋਖ ਸਿੰਘ ਮਿਨਹਾਸ ਤੇ ਅਵਤਾਰ ਗੋਂਦਾਰਾ ਵੱਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਰਸਾਲੇ 'ਪੰਜਾਬੀਅਤ' ਦਾ ਨਵਾਂ ਅੰਕ ਲੋਕ-ਅਰਪਣ ਕੀਤਾ ਗਿਆ। ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਸੰਤੋਖ ਮਿਨਹਾਸ ਇੱਕ ਬਹੁ-ਵਿਧਾਵੀ ਸ਼ਖ਼ਸੀਅਤ (ਕਵੀ, ਵਾਰਤਾਕਾਰ, ਐਡੀਟਰ, ਰੇਡੀਓ-ਟੀਵੀ ਹੋਸਟ) ਹਨ ਅਤੇ ਉਨ੍ਹਾਂ ਦੀ ਇਹ ਕਿਤਾਬ ਪੰਜਾਬੀ ਕਵਿਤਾ ਵਿੱਚ ਇੱਕ ਜ਼ਿਕਰਯੋਗ ਵਾਧਾ ਹੈ।

ਆਖਰੀ ਦੌਰ ਵਿਚ ਇੱਕ ਸ਼ਾਨਦਾਰ ਕਵੀ ਦਰਬਾਰ ਸਜਾਇਆ ਗਿਆ। ਇਸ ਵਿੱਚ ਅਮਰਜੀਤ ਜੌਹਲ, ਅਮਰਜੀਤ ਕੌਰ ਪੰਨੂੰ, ਹਰਿੰਦਰ ਸੋਹੀ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਸੁਰਜੀਤ ਸਖੀ, ਜਗਜੀਤ ਨੌਸ਼ਹਿਰਵੀ, ਜਸਵੀਰ ਸਿੰਘ ਧੀਮਾਨ, ਲਾਜ ਨੀਲਮ ਸੈਣੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਕੁਲਵਿੰਦਰ ਅਤੇ ਡਾ. ਜਸਵੀਰ ਸਿੰਘ ਗਿੱਲ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਡਾ. ਗਿੱਲ ਨੇ ਆਪਣੀਆਂ ਹਾਸ-ਰਸ ਕਵਿਤਾਵਾਂ ਨਾਲ ਮਹਿਫਿਲ ਵਿੱਚ ਖੇੜਾ ਬਿਖੇਰ ਦਿੱਤਾ।

ਇਸ ਇਕੱਤਰਤਾ ਵਿੱਚ ਗੁਲਸ਼ਨ ਦਿਆਲ, ਸੋਨੂੰ ਸਾਹਿਲ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਜੋਤੀ, ਜੇਅ ਸੰਧੂ, ਮਨਜੀਤ ਕੌਰ ਅਤੇ ਅਭੀਤਾਬ ਸੈਣੀ ਸਮੇਤ ਕਈ ਸਾਹਿਤ ਪ੍ਰੇਮੀ ਹਾਜ਼ਰ ਸਨ। ਅੰਤ ਵਿੱਚ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਸਮੂਹ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਜਗਜੀਤ ਨੌਸ਼ਹਿਰਵੀ ਤੇ ਰਿੰਮੀ ਸੰਧੂ ਵੱਲੋਂ ਕੀਤੀ ਗਈ ਨਿੱਘੀ ਮਹਿਮਾਨ ਨਿਵਾਜੀ ਲਈ ਸ਼ੁਕਰਾਨਾ ਕਰਦਿਆਂ ਸੰਸਥਾ ਦੇ ਅਗਲੇ ਪ੍ਰੋਗਰਾਮਾਂ ਦੀ ਰੂਪ-ਰੇਖਾ ਸਾਂਝੀ ਕੀਤੀ।